**TENDER HEART HIGH SCHOOL, SECTOR-33B, CHANDIGARH**

Class-10 Teacher- Ramandeep Kaur

Topic- ਬਾਕੀ ਸਭ ਸੁੱਖ ਸਾਂਦ ਹੈ। ਪਾਠ-8

ਸ਼ੁੱਭ ਸਵੇਰ,

ਵਿਦਿਆਰਥੀਓ, ਇਸ ਹਫਤੇ ਅਸੀਂ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਬਾਕੀ ਸਭ ਸੁੱਖ ਸਾਂਦ ਹੈ' ਬਾਰੇ ਵਿਚਾਰ ਕਰਾਂਗੇ। ਇਹ ਮੋਹਨ ਭੰਡਾਰੀ ਦੀ ਰਚਨਾ ਹੈ। ਇਹ ਕਹਾਣੀ ਤੁਹਾਡੀ ਪਾਠ-ਪੁਸਤਕ ਸਾਹਿਤ-ਕਥਾ ਸੰਵੇਦਨਾ ਵਿੱਚ ਪੰਨਾ ਨੰਬਰ 52 ਤੇ ਦਰਜ ਹੈ।

ਇਹ ਕਹਾਣੀ ਬਹੁਤ ਹੀ ਸੁਚੱਜੇ ਢੰਗ ਨਾਲ ਰਚੀ ਗਈ ਹੈ। ਕਹਾਣੀਕਾਰ ਨੇ ਅਨਪੜ੍ਹਤਾ ਵਰਗੇ ਕਲੰਕ ਤੇ ਬਹੁਤ ਵਧੀਆ ਢੰਗ ਨਾਲ ਵਿਅੰਗ ਕਸਿਆ ਹੈ। ਇਸ ਕਹਾਣੀ ਨੂੰ ਪੜ੍ਹ ਕੇ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਅਨਪੜ੍ਹ ਵਿਅਕਤੀ ਅਪਾਹਜ ਹੀ ਹੈ, ਉਹ ਪੂਰਨ ਤੌਰ ਤੇ ਦੂਜਿਆਂ ਤੇ ਨਿਰਭਰ ਰਹਿੰਦਾ ਹੈ।

ਆਓ ਹੁਣ ਇਸ ਕਹਾਣੀ ਵਿੱਚ ਪੜ੍ਹਦੇ ਹਾਂ ਕਿ ਕਿਵੇਂ ਸਧਾਰਨ ਤੇ ਅਨਪੜ੍ਹ ਪੇਂਡੂ ਲੋਕ ਕਿਵੇਂ ਸੋਹਣ ਸਿੰਘ ਤੇ ਹੀ ਨਿਰਭਰ ਕਰਦੇ ਹਨ। ਉਹ ਕਿਸੇ ਆਪਣੇ-ਪਿਆਰੇ ਨੂੰ ਆਪਣੇ ਮਨ ਦੀ ਗੱਲ ਲਿਖ ਕੇ ਨਹੀਂ ਦਸ ਸਕਦੇ। ਉਹਨਾਂ ਨੂੰ ਆਪਣਾ ਸਾਰਾ ਭੇਤ ਦਸਣਾ ਪੈਂਦਾ ਹੈ। ਆਓ ਹੁਣ ਕਹਾਣੀ ਬਾਰੇ ਵਿਚਾਰ ਕਰਦੇ ਹਾਂ।

Class-10

Teacher- Ramandeep Kaur

Topic- ਘਰੇ ਸਭ ਸੁੱਖ ਸਾਂਦ ਹੈ। ਪਾਠ- 8

## ★ ਮੋਹਣ ਸਿੰਘ ਪੜ੍ਹਿਆ ਲਿਖਿਆ ਮੁੰਡਾ -

ਇਸ ਕਹਾਣੀ ਦਾ ਮੁੱਖ ਪਾਤਰ ਮੋਹਣ ਸਿੰਘ ਆਪਣੇ ਪਿੰਡ ਵਿੱਚ ਪੜ੍ਹਿਆ - ਲਿਖਿਆ ਮੁੰਡਾ ਸੀ। ਉਸ ਕੋਲੋਂ ਹੀ ਸਾਰੇ ਪਿੰਡ ਵਾਲੇ ਚਿੱਠੀਆਂ ਲਿਖਵਾਉਂਦੇ ਸੀ। ਜੇ ਉਹ ਕਿਸੇ ਨੂੰ ਨਾਂਹ ਕਰ ਦਿੰਦਾ ਤਾਂ ਉਹ ਬੰਦਾ ਉਸ ਕੋਲੋਂ ਨਰਾਜ਼ ਹੋ ਜਾਂਦਾ। ਉਹ ਪੰਜਵੀਂ ਤੋਂ ਦਸਵੀਂ ਤੱਕ ਲਗਾਤਾਰ ਪੰਜ ਸਾਲ ਚਿੱਠੀਆਂ ਲਿਖਦਾ ਆ ਰਿਹਾ ਹੈ। ਹੁਣ ਉਹ ਆਪ ਕਹਿੰਦਾ ਹੈ ਕਿ ਮੈਂ ਤੁਹਾਡੀਆਂ ਚਿੱਠੀਆਂ ਲਿਖਦੇ ਅੱਕ ਗਿਆ ਹਾਂ।

## ★ ਭਾਂਤ - ਭਾਂਤ ਦੀਆਂ ਚਿੱਠੀਆਂ ਲਿਖਣਾ -

ਉਹ ਪਿੰਡ ਦੇ ਹਰ ਵਰਗ ਲਈ ਚਿੱਠੀਆਂ ਲਿਖਦਾ ਸੀ। ਬੁੜ੍ਹੀਆਂ ਤਾਂ ਦੋਹੇ ਟਿੱਚਰਾਂ ਆਦਿ ਜੋੜ ਕੇ ਚਾਰ - ਚਾਰ ਸਫ਼ਿਆਂ ਦੀਆਂ ਚਿੱਠੀਆਂ ਲਿਖਵਾਉਂਦੀਆਂ। ਜਦ ਕਿ ਉਹਨਾਂ ਨੂੰ ਇਹ ਵੀ ਪਤਾ ਹੁੰਦਾ ਸੀ ਕਿ ਚਿੱਠੀ ਲਿਖਣ ਵਾਲਾ ਛੋਟੀ ਉਮਰ ਦਾ ਹੈ ਪਰ ਉਹ ਆਪਣੀਆਂ ਭਾਵਨਾਵਾਂ ਵਿੱਚ ਵਹਿ ਕੇ ਕਹਿੰਦੀਆਂ " ਚਿੱਠੀ ਲਿਖਦੀ ਹਾਂ ਖ਼ੂਨ ਨਾਲ ਸਿਆਹੀ ਨਾ ਸਮਝਣਾ ਮਰ ਗਈ ਹਾਂ ਤੇਰੀ ਯਾਦ ਵਿੱਚ ਜਿਉਂਦੀ ਨਾ ਸਮਝਣਾ।" ਫੇਰ ਮੋਹਣ ਸਿੰਘ ਨੂੰ ਉਡੀਕਣਾ ਪੈਂਦਾ ਕਿ ਕਦੋਂ ਉਹ ਆਪਣੀ ਸਮਾਧੀ ਤੋੜ ਕੇ ਅਗਲੀ ਗੱਲ ਲਿਖਵਾਉਣਗੀਆਂ ਤੇ ਅੱਗੋਂ ਉਹ ਲਿਖਵਾਉਂਦੀਆਂ 'ਇਹਨਾਂ ਪਰਦੇਸੀਆਂ ਤੇ ਨਾ ਕਰਨਾ ਇਤਬਾਰ ਲੋਕੋ, ਇਹ ਰੱਸੀ ਦਾ ਸੱਪ ਬਣਾ ਦਿੰਦੇ।"

Class -10 Ramandeep Kaur

Topic- ਬਾਰੀ ਮਤ ਸੌਂਸ ਮਾਂਦ ਹੈ ਪਾਠ - 8

ਕੋਈ ਕਹਿੰਦੀ ਕਿ ਇਵੇਂ ਲਿਖ ਕਿ ਉਹ ਚਿੱਠੀ ਗਈ ਦੱਸ ਦੇਵੇ ਕਿ ਉਹ ਮਹੀਨੇ ਵਿੱਚ ਉਸਨੂੰ ਲੈਣ ਆਏਗਾ ਭਾਵੇਂ ਨਾ ਹੀ ਆਵੇ ਪਰ ਚਿੱਠੀ ਗਈ ਦਿਲਾਸਾ ਤਾਂ ਦੇਵੇ।

☆ ਚਿੱਠੀਆਂ ਲਿਖ - ਲਿਖ ਥੱਕ ਜਾਣਾ

ਮੋਹਣ ਸਿੰਘ ਫੌਜਣਾਂ ਦੀਆਂ, ਵਾਰਿਸ ਸ਼ਾਹ ਦੀਆਂ, ਰਹੀਮ ਦੇ ਦੋਹੇ ਵਾਲੀਆਂ ਅਤੇ ਟੋਟਕਿਆਂ ਵਾਲੀਆਂ ਚਿੱਠੀਆਂ ਲਿਖ - ਲਿਖ ਕੇ ਅੱਕ ਗਿਆ ਸੀ। ਕਈ ਵਾਰ ਕੋਈ ਕਹਿੰਦਾ ਕਿ ਮੈਨੂੰ ਦੋਹੇ ਅਤੇ ਟੋਟਕੇ ਨਹੀਂ ਆਉਂਦੇ ਤੂੰ ਆਪ ਹੀ ਵਧੀਆ ਜੀ ਗੱਲ ਸੱਤ ਲਿਖਦੇ।

☆ ਬਜ਼ੁਰਗ ਔਰਤਾਂ ਦੀਆਂ ਦੁਖੜੇ ਭਰੀਆਂ ਚਿੱਠੀਆਂ

ਬੁੱਢੀਆਂ ਆਪਣੇ ਦੁਖੜੇ ਭਰੀਆਂ ਚਿੱਠੀਆਂ ਲਿਖਵਾਉਂਦੀਆਂ ਜਿਵੇਂ ਕਿਸੇ ਦੀ ਨੂੰਹ ਲੜਦੀ ਹੈ, ਕਿਸੇ ਦੀ ਧੀ ਦੁਖੀ ਹੈ। ਕਿਸੇ ਦਾ ਪੁੱਤ ਫੌਜ ਵਿੱਚ ਭਰਤੀ ਹੋ ਗਿਆ ਸੀ। ਕਿਸੇ ਦਾ ਪੈਸਾ ਤੰਗ ਸੀ। ਕਿਸੇ ਦੇ ਮੁਕੱਦਮੇ ਚਲਦੇ ਸੀ। ਕਿਸੇ ਦੀ ਧੀ ਪਹਿਲਾਂ ਹੀ ਘਰ ਬੈਠੀ ਸੀ। ਧੀ ਦੀ ਬਿਮਾਰੀ ਕਾਰਨ ਉਹ ਡਾਕਟਰਾਂ ਨੂੰ ਪੈਸੇ ਦੇ ਦੇ ਕੰਗਾਲ ਹੋ ਗਏ ਸੀ।

ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

Class-10 Ramandeep Kaur

Topic - ਬਾਕੀ ਸਭ ਸੁੱਖ ਸਾਂਦ ਹੈ ਪਾਠ - 8

1. ਪਿੰਡ ਦਾ ਪੜ੍ਹਿਆ ਲਿਖਿਆ ਮੁੰਡਾ ਕੌਣ ਸੀ?
2. ਉਹ ਮੁੰਡਾ ਕਿੰਨੇ ਸਾਲ ਚਿੱਠੀਆਂ ਲਿਖਦਾ ਰਿਹਾ?
3. ਕੁੜੀਆਂ ਆਪਣੀਆਂ ਚਿੱਠੀਆਂ ਵਿੱਚ ਕੀ ਲਿਖਵਾਉਂਦੀਆਂ ਸੀ?
4. ਬਜ਼ੁਰਗ ਔਰਤਾਂ ਚਿੱਠੀਆਂ ਵਿੱਚ ਕੀ ਲਿਖਵਾਉਂਦੀਆਂ?

ਵਿਦਿਆਰਥੀ ਸਾਰੇ ਪ੍ਰਸ਼ਨ ਆਪ ਹਲ ਕਰਨਗੇ।

ਅਤੇ ਹੁਣ ਅੱਗੇ ਪੜ੍ਹਦੇ ਹਾਂ।

* ਲੋਕਾਂ ਦੇ ਦੁੱਖ ਲਿਖ - ਲਿਖ ਕੇ ਦੁਖੀ ਹੋਣਾ

ਮੋਹਨ ਸਿੰਘ ਅਜਿਹੀਆਂ ਦੁੱਖ ਭਰੀਆਂ ਚਿੱਠੀਆਂ ਲਿਖ ਕੇ ਦੁਖੀ ਹੁੰਦਾ ਸੀ। ਉਹ ਲੋਕਾਂ ਦੇ ਰਾਜ਼ੀ ਹੋਣ ਬਾਰੇ ਅਤੇ ਖੁਸ਼ੀਆਂ ਮਨਾਉਣ ਬਾਰੇ ਸੋਚਦਾ ਤੇ ਨਾਲ ਇਹ ਵੀ ਸੋਚਦਾ ਕਿ ਉਸ ਕੋਲੋਂ ਲੋਕ ਸੋਹਣੀਆਂ - ਸੋਹਣੀਆਂ ਚਿੱਠੀਆਂ ਕਦੋਂ ਲਿਖਵਾਉਣਗੇ। ਇਹ ਕਰਦੇ ਖੁਸ਼ੀ ਵੀ ਹੋਵੇਗੀ। ਕਦੀ ਉਹ ਗੌਤਮ ਬੁੱਧ ਦੀ ਫਿਲਾਸਫੀ ਬਾਰੇ ਸੋਚਦਾ ਕਿ ਇਹ ਦੁਨਿਆਂ ਤਾਂ ਦੁੱਖਾਂ ਦਾ ਘਰ ਹੈ। ਕਦੀ ਉਹ ਸੋਚਦਾ ਕਿ ਉਹ ਪਿੰਡੋਂ ਭੱਜ ਜਾਵੇ ਅਤੇ ਉਸ ਕੋਲੋਂ ਕੋਈ ਚਿੱਠੀ ਨਾ ਲਿਖਵਾਏ। ਫਿਰ ਉਹ ਦੁਖੀ ਵੀ ਨਹੀਂ ਹੋਵੇਗਾ। ਉਹ ਸੱਚੀਂ ਹੀ ਸਭ ਦੇ ਦੁੱਖ ਸੁਣ - ਸੁਣ ਕੇ ਦੁੱਖੀ ਹੋ ਗਿਆ ਸੀ।

Class-10 Ramandeep Kaur

Topic- ਬਾਕੀ ਸਭ ਸੁੱਖ ਸਾਂਦ ਹੈ। ਪਾਠ-8

## ☆ ਲੋਕਾਂ ਨੂੰ ਮੋਹਣ ਸਿੰਘ ਤੇ ਵਿਸ਼ਵਾਸ

ਜਦੋਂ ਪਿੰਡ ਵਿੱਚ ਲੋਗ ਬੱਚੇ ਹੀ ਪੰਜਵੀਂ ਵਿੱਚ ਹੋ ਗਏ ਤਾਂ ਮੋਹਣ ਸਿੰਘ ਨੇ ਕਹਿਣਾ ਸ਼ੁਰੂ ਕੀਤਾ ਸੇਪਾ, ਸ਼ਰਬਤੀ, ਪੋਤਾ ਹੀ ਹੁਣ ਚਿੱਠੀਆਂ ਲਿਖ ਸਕਦੇ ਹਨ, ਤੁਸੀਂ ਉਹਨਾਂ ਤੋਂ ਚਿੱਠੀਆਂ ਲਿਖਵਾ ਲਵੋ ਤਾਂ ਪਿੰਡ ਵਾਲੇ ਅੱਗੋਂ ਜਵਾਬ ਦਿੰਦੇ ਅਸੀਂ ਆਪਣੀ ਹਰ ਗੱਲ, ਆਪਣੇ ਘਰ ਦਾ ਭੇਤ ਸਾਰਿਆਂ ਨੂੰ ਨਹੀਂ ਦੱਸ ਸਕਦੇ। ਅਸੀਂ ਤੈਨੂੰ ਆਪਣੇ ਘਰ ਦਾ ਜੀਅ ਸਮਝ ਕੇ ਆਪਣਾ ਹਰ ਦੁੱਖ ਸੁੱਖ ਫੋਲ ਲੈਂਦੇ ਹਾਂ। ਸਾਨੂੰ ਤੇਰੇ ਤੇ ਪੂਰਾ ਭਰੋਸਾ ਹੈ।

## ☆ ਮੋਹਣ ਸਿੰਘ ਦਾ ਪਛਤਾਵਾ

ਜਦੋਂ ਪਿੰਡ ਦੇ ਲੋਕ ਮੋਹਣ ਸਿੰਘ ਨੂੰ 'ਮੋਹਣ ਸਿਆਂ' ਕਹਿ ਕੇ ਸੱਦਦੇ ਤਾਂ ਉਸਨੂੰ ਬਹੁਤ ਚੰਗਾ ਲਗਦਾ। ਇਹ ਸੋਚ ਕੇ ਉਹ ਨੀਵੀਂ ਪਾ ਲੈਂਦਾ ਅਤੇ ਉਸਨੂੰ ਸ਼ਰਮ ਆ ਜਾਂਦੀ। ਮੋਹਣ ਸਿੰਘ ਨੂੰ ਪਛਤਾਵਾ ਹੁੰਦਾ ਕਿ ਮੈਂ ਚਿੱਠੀ ਲਿਖਣ ਤੋਂ ਇਨਕਾਰ ਕਰਦਾ ਹਾਂ ਅਤੇ ਇਹ ਮੇਰੇ ਤੇ ਕਿੰਨਾ ਭਰੋਸਾ ~~ਪਾ~~ ਕਰਦੇ ਹਨ। ਇਹ ਤਾਂ ਮੈਨੂੰ ਆਪਣੇ ਘਰ ਦਾ ਮੈਂਬਰ ਸਮਝਦੇ ਹਨ ਤੇ ਮੈਂ ਇਹਨਾਂ ਨੂੰ ਚਿੱਠੀ ਲਿਖਣ ਤੋਂ ਨਾਂਹ ਕਰਦਾ ਹਾਂ।

Class-10

Topic- ਬਾਕੀ ਸਭ ਸੁੱਖ ਸਾਂਦ ਹੈ। ਪਾਠ - 8

Ramandeep Kaur

ਅਜੇ ਪਰਸੋਂ ਦੀ ਗੱਲ ਸੀ ਕਿ ਜਾਗਰ ਫੌਜੀ ਦੀ ਮਾਂ ਹਰ ਰੋਜ਼, ਉਸ ਕੋਲੋਂ ਚਿੱਠੀ ਲਿਖਵਾਉਣ ਲਈ ਆਉਂਦੀ ਪਰ ਲਿਖਣ ਲਈ ਆਖੀ ਤਾਂ ਮੋਹਨ ਸਿੰਘ ਨੇ ਟਾਲ - ਮਟੋਲ ਕਰ ਦਿੱਤੀ। ਪਰ ਜਦੋਂ ਉਸ ਬਜ਼ੁਰਗ ਔਰਤ ਦੀਆਂ ਅੱਖਾਂ ਭਰ ਆਈਆਂ ਤਾਂ ਮੋਹਨ ਸਿੰਘ ਉਸਦੇ ਪਿੱਛੇ - ਪਿੱਛੇ ਤੁਰ ਪਿਆ।

ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

5. ਪਿੰਡ ਵਿੱਚ ਹੋਰ ਕਿਹੜੇ ਬੱਚੇ ਚਿੱਠੀ ਲਿਖਣ ਜੋਗ ਹੋ ਗਏ ਸਨ?

6. ਪਿੰਡ ਵਾਲੇ ਮੋਹਨ ਸਿੰਘ ਨੂੰ ਕੀ ਕਹਿੰਦੇ ਸੀ?

7. ਜਾਗਰ ਫੌਜੀ ਦੀ ਮਾਂ ਦਾ ਕੀ ਨਾਂ ਸੀ?

8 ਮੋਹਨ ਸਿੰਘ ਨੂੰ ਕਿਹੜੀ ਗੱਲ ਦਾ ਪਛਤਾਵਾ ਸੀ?

ਵਿਦਿਆਰਥੀ ਇਹਨਾਂ ਪ੍ਰਸ਼ਨਾਂ ਦੇ ਉੱਤਰ ਆਪ ਲਿਖਣਗੇ।

ਤੁਸੀਂ ਇਸ ਕਹਾਣੀ ਨੂੰ 2 - 3 ਵਾਰੀ ਪੜ੍ਹੋ। ਬਾਕੀ ਕਹਾਣੀ ਅਗਲੇ ਪੰਨੇ ਵਿਚਾਰਾਂਗੇ।

(ਧੰਨਵਾਦ)

(Last page)